





### ਛੋਟੀਆਂ ਬੱਚਤ ਸਕੀਮਾਂ ਦਾ ਵੇਰਵਾ

1. **ਕਿਸਾਨ ਵਿਕਾਸ ਪੱਤਰ**

ਇਸ ਸਕੀਮ ਵਿਚ 8 ਸਾਲ 7 ਮਹੀਨੇ ਵਿਚ ਪੈਸੇ ਦੁਗਣੇ ਹੋ ਜਾਂਦੇ ਹਨ। ਰਕਮ ਜਮਾਂ ਕਰਵਾਉਣ ਦੀ ਕੋਈ ਹੱਦ ਨਹੀਂ ਹੈ।

2. **ਮਾਸਿਕ ਆਮਦਨ ਯੋਜਨਾ**

ਇਹ 6 ਸਾਲਾ ਸਕੀਮ ਹੈ। ਇਸ ਵਿਚ ਇਸ ਸਿੰਗਲ ਖਾਤੇ ਵਿਚ 3 ਲੱਖ ਰੁ. ਅਤੇ ਸਾਂਝੇ ਖਾਤੇ ਵਿਚ 6 ਲੱਖ ਰੁ. ਵੱਧ ਤੋਂ ਵੱਧ ਜਮ੍ਹਾਂ ਕਰਵਾਏ ਜਾ ਸਕਦੇ ਹਨ। ਇਸ ਦਾ ਵਿਆਜ 8% ਸਾਲਾਨਾ ਹੈ ਅਤੇ ਮਿਆਦ ਪੂਰੀ ਹੋਣ ਤੇ 10% ਬੋਨਸ ਵੀ ਮਿਲਦਾ ਹੈ।

3. **ਰਾਸ਼ਟਰੀ ਬੱਚਤ ਪੱਤਰ ਅੱਠਵਾਂ ਇਸ਼ੂ**

ਇਹ 6 ਸਾਲਾ ਸਕੀਮ ਹੈ ਇਸ ਦਾ ਵਿਆਜ 8% ਸਾਲਾਨਾ ਹੈ। ਇਸ ਉਤੇ ਇਨਕਮ ਟੈਕਸ ਦੀ ਧਾਰਾ 88 ਅਧੀਨ 20% ਟੈਕਸ ਦੀ ਛੋਟ ਵੀ ਮਿਲਦੀ ਹੈ।

4. **ਇਕ ਸਾਲਾ ਜਮ੍ਹਾਂ ਖਾਤਾ**

ਇਸ ਦਾ ਵਿਆਜ 6.25% ਹੈ।

5. **ਦੋ ਸਾਲਾ ਜਮ੍ਹਾਂ ਖਾਤਾ**

ਇਸ ਦਾ ਵਿਆਜ 6.50% ਸਾਲਾਨਾ ਹੈ।

6. **ਤਿੰਨ ਸਾਲਾ ਜਮ੍ਹਾਂ ਖਾਤਾ**

ਇਸ ਦਾ ਵਿਆਜ 7.25% ਸਾਲਾਨਾ ਹੈ।

7. **ਪੰਜ ਸਾਲਾ ਜਮ੍ਹਾਂ ਖਾਤਾ**

ਇਸ ਦਾ ਵਿਆਜ 7.50% ਸਾਲਾਨਾ ਹੈ।

8. **ਰੈਕਰਿੰਗ ਜਮ੍ਹਾਂ ਖਾਤਾ**

ਇਹ ਪੰਜ ਸਾਲਾ ਖਾਤਾ ਹੈ। ਇਸ ਵਿੱਚ ਪੈਸੇ ਹਰ ਮਹੀਨੇ ਜਮ੍ਹਾਂ ਹੁੰਦੇ ਹਨ। ਇਸ ਵਿਚ 100 ਰੁ. ਦੇ ਖਾਤੇ ਉਪਰ ਪੰਜ ਸਾਲਾ ਬਾਅਦ 7289/- ਰੁ. ਮਿਲਦੇ ਹਨ।

9. **ਪੀ.ਪੀ.ਐਫ. ਖਾਤਾ**

ਇਹ 15 ਸਾਲਾ ਸਕੀਮ ਹੈ। ਇਸ ਦਾ ਵਿਆਜ 8% ਸਾਲਾਨਾ ਹੈ। ਇਨਕਮ ਟੈਕਸ ਦੀ ਧਾਰਾ 88 ਅਧੀਨ ਟੈਕਸ ਵਿਚ 20% ਦੀ ਛੋਟ ਵੀ ਮਿਲਦੀ ਹੈ।

ਪੰਜਾਬ ਸਰਕਾਰ ਦੁਆਰਾ ਇਨ੍ਹਾਂ ਸਕੀਮਾਂ ਵਿਚ 5000/- ਰੁ. ਇਕੱਠੇ ਜਮ੍ਹਾਂ ਕਰਾਉਣ ਤੇ ਇਕ, 10000/- ਰੁ. ਇਕੱਠੇ ਜਮ੍ਹਾਂ ਕਰਵਾਉਣ ਤੇ ਤਿੰਨ ਅਤੇ 25000/- ਰੁ. ਇਕੱਠੇ ਜਮ੍ਹਾਂ ਕਰਵਾਉਣ ਤੇ ਅੱਠ ਲੱਕੀ ਕੂਪਨ ਮੁਫ਼ਤ ਮਿਲਦੇ ਹਨ। ਜਿਨ੍ਹਾਂ ਵਿਚ ਸੋਨਾ, ਕਾਰਾਂ ਆਦਿ ਹਜ਼ਾਰਾਂ ਟੈਕਸ ਫਰੀ ਇਨਾਮ ਮਿਲਦੇ ਹਨ।

ਇਨ੍ਹਾਂ ਸਕੀਮਾਂ ਦਾ ਏਜੰਟ ਬਨਣ ਵਾਸਤੇ ਘੱਟ ਤੋਂ ਘੱਟ ਦਸਵੀਂ ਪਾਸ ਹੋਣਾ ਚਾਹੀਦਾ ਹੈ ਅਤੇ ਦਫ਼ਤਰ ਵਿੱਚ ਆਕੇ ਫਾਰਮ ਪੂਰੇ ਕਰਨ ਉਪਰੰਤ ਉਸਨੂੰ ਇੰਟਰਵਿਊ ਤੇ ਬੁਲਾਇਆ ਜਾਂਦਾ ਹੈ। ਏਜੰਟ ਦੀ ਅਥਾਰਟੀ ਮਿਲਣ ਉਪਰੰਤ ਉਹ ਡਾਕਖਾਨੇ ਦੀਆਂ ਸਕੀਮਾਂ ਵਿਚ ਪੈਸੇ ਜਮ੍ਹਾਂ ਕਰਵਾ ਸਕਦਾ ਹੈ, ਜਿਸ ਉਪਰ ਉਨ੍ਹਾਂ ਨੂੰ ਇਕ ਪ੍ਰਤੀਸ਼ਤ ਕਮਿਸ਼ਨ ਮਿਲਦਾ ਹੈ।